Punjab Government Gazette

EXTRAORDINARY

Published by Authority

CHANDIGARH, SATURDAY, FEBRUARY 20, 2026
(PHALGUNA 1, 1947 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਔਸ਼ਧੀ ਬੋਰਡ ਅਤੇ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਔਸ਼ਧੀ ਪਰਿਸ਼ਦ (ਫੁਟਕਲ ਉਪਬੰਧ) ਐਕਟ, 1977 (1977 ਦਾ ਪੰਜਾਬ ਐਕਟ ਨੰ. 6)	... 205-207
	2. ਪੰਜਾਬ ਲੋਕ ਧਨ (ਬਕਾਏ ਦੀ ਵਸੂਲੀ) ਐਕਟ, 1983 (1985 ਦਾ ਪੰਜਾਬ ਐਕਟ ਨੰ. 1)	... 209-214
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

———

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 20 ਫਰਵਰੀ, 2026

ਨੰ. 17/ਭ:ਕ/2026.– ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਔਸ਼ਧੀ ਬੋਰਡ ਅਤੇ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਔਸ਼ਧੀ ਪਰਿਸ਼ਦ, (ਫੁਟਕਲ ਉਪਬੰਧ) ਐਕਟ, 1977 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 20th February, 2026

No. 17/L.C./2026.— The Translation in Punjabi of the Punjab Medical Council, the Punjab Nurses Registration Council, the Board of Ayurvedic and Unani Systems of Medicine, Punjab and the Council of Homoepathic System of Medicine, Punjab (Miscellaneous Provisions) Act, 1977 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਔਸ਼ਧੀ ਬੋਰਡ ਅਤੇ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਔਸ਼ਧੀ ਪਰਿਸ਼ਦ, (ਫੁਟਕਲ ਉਪਬੰਧ) ਐਕਟ, 1977

(1977 ਦਾ ਪੰਜਾਬ ਐਕਟ ਨੰ. 6)

ਰਜਿਸਟਰਾਰ ਅਤੇ ਹੋਰ ਕਰਮਚਾਰੀਆਂ ਦੇ ਅਹੁਦੇ ਦੀ ਅਉਧ, ਮੁੱਖ ਦਫ਼ਤਰਾਂ ਨੂੰ ਨਿਯਤ ਕਰਨ ਲਈ ਉਪਬੰਧ ਕਰਨ, ਅਤੇ ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਔਸ਼ਧੀ ਬੋਰਡ ਅਤੇ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਔਸ਼ਧੀ ਪਰਿਸ਼ਦ ਦੇ ਚੇਅਰਮੈਨ ਦੀਆਂ ਸੰਕਟ-ਕਾਲੀ ਸ਼ਕਤੀਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠਾਈਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਔਸ਼ਧੀ ਬੋਰਡ ਅਤੇ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਔਸ਼ਧੀ ਪਰਿਸ਼ਦ (ਫੁਟਕਲ ਉਪਬੰਧ) ਐਕਟ, 1977 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ 5 ਜਨਵਰੀ, 1977 ਨੂੰ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ ।

2. ਇਸ ਐਕਟ ਵਿੱਚ, ਜਦ ਤੱਕ ਕੋਈ ਗੱਲ ਵਿਸ਼ੇ ਜਾਂ ਪ੍ਰਸੰਗ ਦੇ ਵਿਰੁੱਧ ਨਾ ਹੋਵੇ,–

(ੳ) "ਬੋਰਡ" ਦਾ ਮਤਲਬ ਹੈ ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰੈਕਟੀਸ਼ਨਰ ਐਕਟ, 1963 ਦੇ ਅਧੀਨ ਸਥਾਪਤ ਅਤੇ ਗਠਤ ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਅੰਸ਼ਧੀ ਬੋਰਡ;

(ਅ) "ਚੇਅਰਮੈਨ" ਦਾ ਮਤਲਬ ਹੈ ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਅੰਸ਼ਧੀ ਬੋਰਡ ਦਾ ਚੇਅਰਮੈਨ, ਜਾਂ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਅੰਸ਼ਧੀ ਪਰਿਸ਼ਦ ਦਾ ਚੇਅਰਮੈਨ ਅਤੇ ਇਸ ਵਿੱਚ ਪੰਜਾਬ ਚਕਿਤਸਕ ਪਰਿਸ਼ਦ ਦਾ ਪ੍ਰਧਾਨ ਜਾਂ ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ ਦਾ ਪ੍ਰਧਾਨ ਸ਼ਾਮਲ ਹੈ;

(ੲ) "ਪਰਿਸ਼ਦ" ਦਾ ਮਤਲਬ ਹੈ ਪੰਜਾਬ ਚਕਿਤਸਕ ਰਜਿਸਟਰੀਕਰਣ ਐਕਟ, 1916 ਅਧੀਨ ਸਥਾਪਤ ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਐਕਟ, 1932 ਅਧੀਨ ਸਥਾਪਤ ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਜਾਂ ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰ ਐਕਟ, 1965 ਅਧੀਨ ਸਥਾਪਤ ਅਤੇ ਗਠਤ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਅੰਸ਼ਧੀ ਪਰਿਸ਼ਦ; ਅਤੇ

(ਸ) "ਰਜਿਸਟਰਾਰ" ਦਾ ਮਤਲਬ ਹੈ ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਅੰਸ਼ਧੀ ਬੋਰਡ ਜਾਂ ਪੰਜਾਬ ਹੋਮਿਓਪੈਥਿਕ ਪ੍ਰਣਾਲੀ ਅੰਸ਼ਧੀ ਪਰਿਸ਼ਦ ਦਾ ਰਜਿਸਟਰਾਰ।

ਰਜਿਸਟਰਾਰ ਅਤੇ ਹੋਰ ਕਰਮਚਾਰੀਆਂ ਦੇ ਅਹੁਦੇ ਦੀ ਅਉਧ ।

3. ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਸਿਵਾਏ, ਪਰਿਸ਼ਦ ਜਾਂ ਬੋਰਡ ਦਾ ਰਜਿਸਟਰਾਰ ਜਾਂ ਹੋਰ ਕਰਮਚਾਰੀ, ਜਿਹੀ ਕਿ ਸੂਰਤ ਹੋਵੇ, ਮਹੀਨੇ ਦੇ ਆਖਰੀ ਦਿਨ ਤੋਂ ਪਿੱਛੋਂ ਅਹੁਦਾ ਧਾਰਨ ਨਹੀਂ ਕਰੇਗਾ ਜਿਸ ਵਿੱਚ ਉਹ ਵੱਧ ਵਰਾ ਦੀ ਅਜਿਹੀ ਉਮਰ ਦੇ ਅਠਵੰਜਾ ਸਾਲ ਦੀ ਉਮਰ ਪ੍ਰਾਪਤ ਕਰਦਾ ਹੈ ਜਿਵੇਂ ਸਮੇਂ-ਸਮੇਂ 'ਤੇ, ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਨਿਯਤ ਕੀਤੀ ਹੋਵੇ ਅਤੇ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਅਹੁਦਾ ਧਾਰਨ ਕਰਨ ਵਾਲਾ ਹਰੇਕ ਰਜਿਸਟਰਾਰ ਜਾਂ ਹੋਰ ਕਰਮਚਾਰੀ ਅਜਿਹੇ ਅਰੰਭ 'ਤੇ ਅਹੁਦੇ ਤੇ ਨਹੀਂ ਬਣਿਆ ਰਹੇਗਾ, ਜੇ ਉਹ ਅਜਿਹੇ ਅਰੰਭ 'ਤੇ ਜਾਂ ਉਸ ਤੋਂ ਪਹਿਲਾਂ ਅਠਵੰਜਾ ਸਾਲ ਦੀ ਉਮਰ ਪ੍ਰਾਪਤ ਕਰ ਚੁੱਕਾ ਹੈ।

ਪਰਿਸ਼ਦ ਜਾਂ ਬੋਰਡ ਦਾ ਮੁੱਖ-ਦਫ਼ਤਰ ।

4. ਪਰਿਸ਼ਦ ਜਾਂ ਬੋਰਡ ਦਾ ਮੁੱਖ-ਦਫ਼ਤਰ ਚੰਡੀਗੜ੍ਹ ਜਾਂ ਅਜਿਹੀ ਹੋਰ ਥਾਂ ਤੇ ਹੋਵੇਗਾ ਜਿਵੇਂ ਰਾਜ ਸਰਕਾਰ ਦੁਆਰਾ ਹਰੇਕ ਮਾਮਲੇ ਵਿੱਚ ਇਸ ਨਮਿੱਤ ਨਿਯਤ ਕੀਤਾ ਜਾਵੇ।

ਚੇਅਰਮੈਨ ਦੀਆਂ ਸੰਕਟਕਾਲੀ ਸ਼ਕਤੀਆਂ ।

5. (1) ਪਰਿਸ਼ਦ ਜਾਂ ਬੋਰਡ, ਜਿਹੀ ਕਿ ਸੂਰਤ ਹੋਵੇ, ਦੇ ਕਾਰੋਬਾਰ ਤੋਂ ਪੈਦਾ ਹੋਣ ਵਾਲੇ ਕਿਸੇ ਸੰਕਟ ਵਿੱਚ ਜੋ ਚੇਅਰਮੈਨ ਦੀ ਰਾਏ ਵਿੱਚ, ਤੁਰੰਤ ਕਾਰਵਾਈ ਕਰਨਾ ਲੋੜਦਾ ਹੈ, ਚੇਅਰਮੈਨ ਅਜਿਹੀ ਕਾਰਵਾਈ ਕਰੇਗਾ ਜਿਵੇਂ ਉਹ ਜ਼ਰੂਰੀ ਸਮਝੇ ਅਤੇ ਇਸ ਤੋਂ ਪਿੱਛੋਂ, ਇਸਦੀ ਅਗਲੀ ਇਕੱਤਰਤਾ ਵਿੱਚ ਪਰਿਸ਼ਦ ਜਾਂ ਬੋਰਡ, ਜਿਹੀ ਕਿ ਸੂਰਤ ਹੋਵੇ, ਨੂੰ ਇਸ ਦੀ ਕਾਰਵਾਈ ਬਾਰੇ ਰਿਪੋਰਟ ਭੇਜੇਗਾ। ਅਜਿਹੀ ਹਰੇਕ ਕਾਰਵਾਈ ਨੂੰ, ਸਿਧਾਂਤਕ ਤੌਰ ਤੇ, ਪਰਿਸ਼ਦ ਜਾਂ ਬੋਰਡ, ਜਿਹੀ ਕਿ ਸੂਰਤ ਹੋਵੇ, ਦੁਆਰਾ ਕੀਤੀ ਗਈ ਕਾਰਵਾਈ ਸਮਝਿਆ ਜਾਵੇਗਾ।

(2) ਜੇ ਕੋਈ ਉਜ਼ਰ ਪੈਦਾ ਹੁੰਦਾ ਹੈ ਕਿ ਉਪ-ਧਾਰਾ (1) ਅਧੀਨ ਕੋਈ ਵਿਸ਼ੇਸ਼ ਸਥਿਤੀ ਕਾਰਵਾਈ ਸਮਰਥਤ ਕਰਨ ਲਈ ਸੰਕਟਕਾਲੀ ਹੈ ਜਾਂ ਨਹੀਂ, ਤਾਂ ਚੇਅਰਮੈਨ ਦਾ ਫੈਸਲਾ ਅੰਤਿਮ ਹੋਵੇਗਾ।

6. ਐਕਟ ਦੇ ਉਪਬੰਧ, ਪੰਜਾਬ ਚਕਿਤਸਕ ਰਜਿਸਟਰੀਕਰਣ ਐਕਟ, 1916, ਪੰਜਾਬ ਨਰਸ ਰਜਿਸਟਰੀਕਰਣ ਐਕਟ, 1932, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰੈਕਟੀਸ਼ਨਰ ਐਕਟ, 1965, ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਐਕਟ ਦੇ ਅਧੀਨ ਬਣਾਏ ਗਏ ਕਿਸੇ ਵੀ ਨਿਯਮ, ਵਿਨਿਯਮ ਜਾਂ ਉਪ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪ੍ਰਭਾਵੀ ਹੋਣਗੇ। ਪਰਮ-ਪ੍ਰਭਾਵ ਹੋਣਾ।

7. (1) ਪੰਜਾਬ ਚਕਿਤਸਕ ਪਰਿਸ਼ਦ, ਪੰਜਾਬ ਨਰਸ ਰਜਿਸਟਰੀਕਰਣ ਪਰਿਸ਼ਦ, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰਣਾਲੀਆਂ ਔਸ਼ਧ ਬੋਰਡ, ਪੰਜਾਬ ਹੋਮਿਓਪੈਥਿਕ ਪ੍ਰਣਾਲੀ ਔਸ਼ਧੀ ਪਰਿਸ਼ਦ (ਫੁਟਕਲ ਉਪਬੰਧ) ਆਰਡੀਨੈਂਸ, 1976 (1977 ਦਾ ਪੰਜਾਬ ਆਰਡੀਨੈਂਸ ਨੰ. 1) ਇੱਥੇ ਨਿਰਸਤ ਕੀਤਾ ਜਾਂਦਾ ਹੈ। ਨਿਰਸਨ ਅਤੇ ਬਚਾਓ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਮੁੱਖ ਐਕਟ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ ਜਿਵੇਂ ਉਕਤ ਆਰਡੀਨੈਂਸ ਦੁਆਰਾ ਸੋਧਿਆ ਹੋਵੇ, ਮੁੱਖ ਐਕਟ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ ਜਿਵੇਂ ਇਸ ਐਕਟ ਦੁਆਰਾ ਸੋਧ ਕੀਤੀ ਗਈ ਹੋਵੇ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

3643/2-2026/Pb. Govt. Press, S.A.S. Nagar

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 20 ਫਰਵਰੀ, 2026

ਨੰ: 18/ਭ.ਕ./2026.– ਪੰਜਾਬ ਲੋਕ ਧਨ (ਬਕਾਏ ਦੀ ਵਸੂਲੀ) ਐਕਟ, 1983 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

NOTIFICATION

The 20th February, 2026

No. 18/L.C./2026.- The Translation in Punjabi of the Punjab Public Moneys (Recovery of Due) Act, 1983 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਲੋਕ ਧਨ (ਬਕਾਏ ਦੀ ਵਸੂਲੀ) ਐਕਟ, 1983

(1985 ਦਾ ਪੰਜਾਬ ਐਕਟ ਨੰ: 1)

ਰਾਜ ਸਰਕਾਰ ਜਾਂ ਪੰਜਾਬ ਵਿੱਤੀ ਨਿਗਮ ਜਾਂ ਇਸ ਦੇ ਨਮਿੱਤ ਰਾਜ ਸਰਕਾਰ ਦੁਆਰਾ ਅਧਿਸੂਚਤ ਕੋਈ ਹੋਰ ਨਿਗਮ ਜਾਂ ਸਰਕਾਰੀ ਕੰਪਨੀ ਜਾਂ ਬੈਂਕਿੰਗ ਕੰਪਨੀ ਦੇ ਕੁੱਝ ਕੁ ਬਕਾਏ ਦੀ ਸ਼ੀਘਰ ਵਸੂਲੀ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਂਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. ਇਸ ਐਕਟ ਨੂੰ ਪੰਜਾਬ ਲੋਕ ਧਨ (ਬਕਾਏ ਦੀ ਵਸੂਲੀ) ਐਕਟ, 1983 ਕਿਹਾ ਜਾ ਸਕੇਗਾ। ਸੰਖੇਪ ਨਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ਓ) "ਬੈਂਕਿੰਗ ਕੰਪਨੀ" ਦਾ ਮਤਲਬ ਹੈ–

(i) ਇੱਕ ਬੈਂਕਿੰਗ ਕੰਪਨੀ ਜਿਵੇਂ ਬੈਂਕਿੰਗ ਵਿਨਿਯਮ ਐਕਟ, 1949 ਵਿੱਚ ਪਰਿਭਾਸ਼ਤ ਕੀਤੀ ਗਈ ਹੈ;

(ii) ਭਾਰਤੀ ਸਟੇਟ ਬੈਂਕ ਐਕਟ, 1955 ਅਧੀਨ ਗਠਤ ਭਾਰਤੀ ਸਟੇਟ ਬੈਂਕ;

(iii) ਇੱਕ ਸਹਾਇਕ ਬੈਂਕ ਜਿਵੇਂ ਭਾਰਤੀ ਸਟੇਟ ਬੈਂਕ (ਸਹਾਇਕ ਬੈਂਕ) ਐਕਟ, 1959 ਵਿੱਚ ਪਰਿਭਾਸ਼ਤ ਕੀਤੀ ਗਈ ਹੈ;

(iv) ਜ਼ੁਰਾਇਤੀ ਵਿੱਤ ਨਿਗਮ ਲਿਮਟਿਡ, ਭਾਰਤੀ ਕੰਪਨੀਜ਼ ਐਕਟ, 1956 ਦੇ ਅਧੀਨ ਨਿਗਮਤ ਕੀਤੀ ਇੱਕ ਕੰਪਨੀ;

(v) ਜ਼ਰਾਇਤੀ ਪੁਨਰਵਿੱਤ ਅਤੇ ਵਿਕਾਸ ਨਿਗਮ ਐਕਟ, 1963 ਅਧੀਨ ਗਠਤ ਜ਼ਰਾਇਤੀ ਪੁਨਰਵਿੱਤ ਅਤੇ ਵਿਕਾਸ ਨਿਗਮ;

(vi) ਬੈਂਕਿੰਗ ਕੰਪਨੀਜ਼ (ਉਪਕ੍ਰਮਾਂ ਦਾ ਅਰਜਣ ਅਤੇ ਮੁੰਤਕਿਲ) ਐਕਟ, 1970 ਅਧੀਨ ਗਠਤ ਇੱਕ ਤੱਤਸਥਾਨੀ ਨਵਾਂ ਬੈਂਕ;

(vii) ਖੇਤਰੀ ਪੇਂਡੂ ਬੈਂਕ ਐਕਟ, 1976 ਅਧੀਨ ਗਠਤ ਇੱਕ ਖੇਤਰੀ ਪੇਂਡੂ ਬੈਂਕ; ਜਾਂ

(viii) ਬੈਂਕਿੰਗ ਕੰਪਨੀਜ਼ (ਉਪਕ੍ਰਮਾਂ ਦਾ ਅਰਜਣ ਅਤੇ ਮੁੰਤਕਿਲ) ਐਕਟ, 1980 ਅਧੀਨ ਗਠਤ ਇੱਕ ਤੱਤਸਥਾਨੀ ਨਵਾਂ ਬੈਂਕ।

(ਅ) "ਕੁਲੈਕਟਰ" ਦਾ ਮਤਲਬ ਹੈ ਜ਼ਿਲ੍ਹੇ ਦਾ ਇੱਕ ਕੁਲੈਕਟਰ ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਐਕਟ ਅਧੀਨ ਕੁਲੈਕਟਰ ਦੇ ਕਾਜਕਾਰਾਂ ਨੂੰ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਕੋਈ ਵਿਅਕਤੀ ਸ਼ਾਮਲ ਹੈ;

(ਏ) "ਨਿਗਮ" ਦਾ ਮਤਲਬ ਹੈ ਰਾਜ ਵਿੱਤੀ ਨਿਗਮ ਐਕਟ, 1951 ਅਧੀਨ ਸਥਾਪਤ ਪੰਜਾਬ ਵਿੱਤੀ ਨਿਗਮ ਅਤੇ ਇਸ ਵਿੱਚ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਅਧੀਨ ਕੋਈ ਹੋਰ ਨਿਗਮ ਸ਼ਾਮਲ ਹੈ ਜਿਸ ਨੂੰ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਉਲਿਖਤ ਕਰੇ;

(ਸ) "ਵਿੱਤੀ ਸਹਾਇਤਾ" ਦਾ ਮਤਲਬ ਹੈ–

(i) ਕਿਸੇ ਉਦਯੋਗਿਕ ਉਪ-ਕ੍ਰਮ ਦੀ ਸਥਾਪਨਾ, ਵਿਸਥਾਰ, ਆਧੁਨਿਕੀਕਰਨ, ਨਵਾਂ ਰੂਪ ਦੇਣ ਜਾਂ ਚਲਾਉਣ ਲਈ; ਜਾਂ

(ii) ਕਿੱਤਾ-ਮੁੱਖੀ ਸਿਖਲਾਈ ਦੇ ਪ੍ਰਯੋਜਨਾਂ ਲਈ; ਜਾਂ

(iii) ਖੇਤੀਬਾੜੀ, ਬਾਗਬਾਨੀ, ਪਸ਼ੂ-ਪਾਲਣ ਜਾਂ ਖੇਤੀ-ਉਦਯੋਗ ਦੇ ਵਿਕਾਸ ਲਈ;

(iv) ਕਿਸੇ ਹੋਰ ਯੋਜਨਾਬੰਦ ਵਿਕਾਸ ਦੇ ਪ੍ਰਯੋਜਨਾਂ ਲਈ; ਜਾਂ

(v) ਬਿਪਤਾ ਵਿਰੁੱਧ ਰਾਹਤ ਲਈ;

ਕੋਈ ਵਿੱਤੀ ਸਹਾਇਤਾ;

(ਹ) "ਸਰਕਾਰੀ ਕੰਪਨੀ" ਦਾ ਮਤਲਬ ਹੈ ਇੱਕ ਸਰਕਾਰੀ ਕੰਪਨੀ ਜਿਵੇਂ ਕੰਪਨੀਜ਼ ਐਕਟ, 1956 ਦੀ ਧਾਰਾ 617 ਵਿੱਚ ਪਰਿਭਾਸ਼ਤ ਕੀਤੀ ਗਈ ਹੈ;

(ਕ) "ਉਦਯੋਗਿਕ ਅਦਾਰਾ" ਦਾ ਮਤਲਬ ਰਾਜ ਵਿੱਤੀ ਨਿਗਮ ਐਕਟ, 1951 ਵਿੱਚ ਇਸ ਪਦ ਨੂੰ ਦਿੱਤਾ ਗਿਆ ਹੈ;

(ਖ) "ਉਦਯੋਗਿਕ ਉਪਕ੍ਰਮ" ਵਿੱਚ ਮਾਲ ਦਾ ਨਿਰਮਾਣ, ਪਰਿਰੱਖਣ, ਸਟੋਰ ਕਰਨਾ ਜਾਂ ਪ੍ਰੋਸੈਸਿੰਗ ਕਰਨਾ, ਜਾਂ ਖਾਣਾਂ ਪੁੱਟਣ ਲਈ, ਜਾਂ ਹੋਟਲ ਪ੍ਰਬੰਧ ਜਾਂ ਯਾਤਰੀਆਂ ਜਾਂ ਮਾਲ ਦੀ ਢੁਆਈ, ਜਾਂ ਬਿਜਲੀ ਜਾਂ ਊਰਜਾ ਦੇ ਕਿਸੇ ਹੋਰ ਰੂਪ ਦਾ ਉਤਪਾਦਨ ਜਾਂ ਵੰਡ ਜਾਂ ਭੋਂ ਦੇ ਕਿਸੇ ਵੀ ਨਾਲ ਲਾਗਵੇਂ ਖੇਤਰ ਨੂੰ ਇੱਕ ਉਦਯੋਗਿਕ ਸੰਪਦਾ ਵਜੋਂ ਵਿਕਸਤ ਕਰਨ ਦਾ ਇੱਕ ਉਪਕ੍ਰਮ ਸ਼ਾਮਲ ਹੈ;

ਵਿਆਖਿਆ.– "ਮਾਲ ਦੀ ਪ੍ਰੋਸੈਸਿੰਗ" ਪਦ ਵਿੱਚ ਕਿਸੇ ਵੀ ਸਮੱਗਰੀ ਨੂੰ ਦਸਤੀ, ਮਕੈਨੀਕਲ, ਰਸਾਇਣਿਕ, ਇਲੈਕਟ੍ਰੀਕਲ ਜਾਂ ਕਿਸੇ ਹੋਰ ਸਮਾਨ ਅਮਲ ਦੇ ਪ੍ਰਭਾਵ ਅਧੀਨ ਲਿਆਉਂਦੇ ਹੋਏ ਇੱਕ ਵਸਤੂ ਦੇ ਉਤਪਾਦਨ, ਤਿਆਰ ਕਰਨ ਜਾਂ ਬਣਾਉਣ ਲਈ ਕੋਈ ਕਲਾ ਜਾਂ ਅਮਲ ਸ਼ਾਮਲ ਹੈ;

(ਗ) "ਰਾਜ ਪ੍ਰਯੋਜਕ ਸਕੀਮ" ਦਾ ਮਤਲਬ ਹੈ ਰਾਜ ਸਰਕਾਰ ਦੁਆਰਾ ਵਿੱਤੀ ਸਹਾਇਤਾ ਵਜੋਂ ਪ੍ਰਯੋਜਕ ਕੀਤੀ ਗਈ ਇੱਕ ਸਕੀਮ ਜਿਸ ਦੇ ਅਧੀਨ ਇਹ–

(i) ਕਿਸੇ ਨਿਗਮ ਜਾਂ ਸਰਕਾਰੀ ਕੰਪਨੀ ਨੂੰ ਕਰਜ਼ੇ, ਪੇਸ਼ਗੀਆਂ ਜਾਂ ਗ੍ਰਾਂਟਾਂ ਵੰਡਣ ਦੇ ਪ੍ਰਯੋਜਨ ਲਈ ਜਾਂ ਉਧਾਰ ਜਾਂ ਕਿਰਾਇਆ ਖਰੀਦ 'ਤੇ ਮਾਲ ਦੀ ਵਿਕਰੀ ਦੇ ਪ੍ਰਯੋਜਨ ਲਈ ਧਨ ਦਿੰਦੀ ਹੈ; ਜਾਂ

(ii) ਕਰਜ਼ਾ ਪੇਸ਼ਗੀ ਜਾਂ ਗ੍ਰਾਂਟ ਦੀ ਮੁੜ–ਅਦਾਇਗੀ ਜਾਂ ਉਧਾਰ ਜਾਂ ਕਿਰਾਇਆ–ਖਰੀਦ 'ਤੇ ਵੇਚੇ ਗਏ ਮਾਲ ਦੀ ਕੀਮਤ ਦੀ ਅਦਾਇਗੀ ਦੀ ਗਰੰਟੀ ਦਿੰਦੀ ਹੈ ਜਾਂ ਗਰੰਟੀ ਦੇਣ ਲਈ ਸਹਿਮਤ ਹੁੰਦੀ ਹੈ।

ਭੋਂ ਮਾਲੀਏ ਦੇ ਬਕਾਏ ਵਜੋਂ ਕੁੱਝ ਬਕਾਏ ਦੀ ਵਸੂਲੀ।

3. (1) ਜਿੱਥੇ ਕੋਈ ਵਿਅਕਤੀ–

(ੳ) ਇੱਕ ਰਾਜ ਪ੍ਰਯੋਜਕ ਸਕੀਮ ਅਧੀਨ ਰਾਜ ਸਰਕਾਰ, ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾਂ ਇੱਕ ਸਰਕਾਰੀ ਕੰਪਨੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਦਿੱਤੇ ਇੱਕ ਕਰਜ਼, ਪੇਸ਼ਗੀ ਜਾਂ ਗ੍ਰਾਂਟ ਨਾਲ ਸਬੰਧਤ, ਜਾਂ ਵੇਚੇ ਗਏ ਮਾਲ ਦੇ ਬਾਰੇ ਉਧਾਰ ਨਾਲ ਸਬੰਧਤ ਜਾਂ ਕਿਰਾਇਆ–ਖਰੀਦ ਨਾਲ ਸਬੰਧਤ, ਕਿਸੇ ਇਕਰਾਰ ਵਿੱਚ; ਜਾਂ

(ਅ) ਕਿਸੇ ਉਦਯੋਗਿਕ ਅਦਾਰੇ ਦਆਰਾ ਲਏ ਗਏ ਕਰਜ਼ੇ ਦੇ ਬਾਰੇ ਵਿੱਚ ਰਾਜ ਸਰਕਾਰ, ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾਂ ਕਿਸੇ ਸਰਕਾਰੀ ਕੰਪਨੀ ਦੁਆਰਾ ਦਿੱਤੀ ਗਈ ਗਰੰਟੀ ਨਾਲ ਸਬੰਧਤ ਕਿਸੇ ਇਕਰਾਰ ਵਿੱਚ; ਜਾਂ

(ਏ) ਕਿਸੇ ਵੀ ਇਕਰਾਰ ਵਿੱਚ ਜੋ ਇਹ ਉਪਬੰਧ ਕਰਦਾ ਹੈ ਕਿ ਇਸ ਅਧੀਨ ਰਾਜ ਸਰਕਾਰ ਨੂੰ ਅਦਾਇਗੀਯੋਗ ਕੋਈ ਵੀ ਧਨ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਹੋਵੇਗਾ;

ਇੱਕ ਧਿਰ ਹੈ ਅਤੇ ਅਜਿਹਾ ਵਿਅਕਤੀ–

(i) ਕਰਜ਼ੇ ਜਾਂ ਪੇਸ਼ਗੀ ਜਾਂ ਉਸ ਦੀ ਕਿਸ਼ਤ ਦੀ ਮੁੜ-ਅਦਾਇਗੀ ਵਿੱਚ ਕੋਈ ਕੋਤਾਹੀ ਕਰਦਾ ਹੈ; ਜਾਂ

(ii) ਗ੍ਰਾਂਟ ਦੀਆਂ ਸ਼ਰਤਾਂ ਅਧੀਨ ਗ੍ਰਾਂਟ ਜਾਂ ਇਸ ਦੇ ਕਿਸੇ ਹਿੱਸੇ ਦੀ ਵਾਪਸੀ ਲਈ ਭਾਗੀ ਬਣ ਜਾਣ ਤੋਂ ਬਾਅਦ, ਅਜਿਹੀ ਗ੍ਰਾਂਟ ਜਾਂ ਇਸ ਦੇ ਕਿਸੇ ਹਿੱਸੇ ਦੀ ਵਾਪਸੀ ਵਿੱਚ ਕੋਤਾਹੀ ਕਰਦਾ ਹੈ; ਜਾਂ

(iii) ਹੋਰ ਤਰ੍ਹਾਂ ਇਕਰਾਰ ਦੇ ਨਿਬੰਧਨਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ;

ਫਿਰ ਰਾਜ ਸਰਕਾਰ ਦੇ ਮਾਮਲੇ ਵਿੱਚ, ਅਜਿਹਾ ਅਧਿਕਾਰੀ ਜਿਸ ਨੂੰ ਰਾਜ ਸਕਰਾਰ ਦੁਆਰਾ ਅਧਿਸੂਚਨਾ ਦੁਆਰਾ, ਇਸ ਦੇ ਨਮਿੱਤ ਅਧਿਕਾਰਤ ਕੀਤਾ ਗਿਆ ਹੋਵੇ, ਅਤੇ ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾ ਇੱਕ ਸਰਕਾਰੀ ਕੰਪਨੀ ਦੇ ਮਾਮਲੇ ਵਿੱਚ, ਉਸ ਦਾ ਪ੍ਰਬੰਧਕ ਡਾਇਰੈਕਟਰ, ਭਾਵੇਂ ਉਸ ਦਾ ਕੋਈ ਵੀ ਨਾਂ ਲਿਆ ਜਾਂਦਾ ਹੋਵੇ, ਕੁਲੈਕਟਰ ਨੂੰ ਇੱਕ ਸਰਟੀਫਿਕੇਟ, ਜਿਸ ਵਿੱਚ ਅਜਿਹੇ ਵਿਅਕਤੀ ਤੋਂ ਬਕਾਇਆ ਰਕਮ ਦਾ ਜ਼ਿਕਰ ਹੋਵੇ, ਭੇਜ ਸਕਦਾ ਹੈ ਅਤੇ ਬੇਨਤੀ ਕਰ ਸਕਦਾ ਹੈ ਕਿ ਅਜਿਹੀ ਰਕਮ ਕਾਰਵਾਈਆਂ ਦੇ ਖਰਚਿਆਂ ਸਮੇਤ ਇਸ ਤਰ੍ਹਾਂ ਵਸੂਲ ਕੀਤੀ ਜਾਵੇ ਜਿਵੇਂ ਕਿ ਇਹ ਭੋਂ ਮਾਲੀਏ ਦਾ ਬਕਾਇਆ ਹੋਵੇ।

(2) ਉਪ-ਧਾਰਾ (1) ਅਧੀਨ ਭੇਜਿਆ ਗਿਆ ਸਰਟੀਫਿਕੇਟ ਉਸ ਵਿੱਚ ਦਰਸਾਏ ਗਏ ਮਾਮਲੇ ਦਾ ਨਿਰਣੇਈ ਸਬੂਤ ਹੋਵੇਗਾ ਅਤੇ ਅਜਿਹਾ ਸਰਟੀਫਿਕੇਟ ਪ੍ਰਾਪਤ ਕਰਨ 'ਤੇ ਕੁਲੈਕਟਰ ਉਸ ਵਿੱਚ ਦਰਸਾਈ ਗਈ ਰਕਮ ਨੂੰ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣ ਲਈ ਅੱਗੇ ਕਾਰਵਾਈ ਕਰੇਗਾ।

(3) ਜਿੱਥੇ ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਗਈ ਕਿਸੇ ਵੀ ਵਿਅਕਤੀ ਦੀ ਸੰਪੱਤੀ ਰਾਜ ਸਰਕਾਰ, ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾਂ ਕਿਸੇ ਸਰਕਾਰੀ ਕੰਪਨੀ, ਜਿਹੀ ਕਿ ਸੂਰਤ ਹੋਵੇ, ਦੇ ਹੱਕ ਵਿੱਚ ਕਿਸੇ ਰਹਿਨ, ਚਾਰਜ, ਗਿਰਵੀ ਜਾਂ ਹੋਰ ਪ੍ਰਭਾਰ ਦੇ ਅਸਰ ਹੇਠ ਹੈ, ਤਾਂ–

(ਓ) ਮਾਲ ਦੇ ਗਿਰਵੀ ਰੱਖਣ ਦੇ ਹਰੇਕ ਮਾਮਲੇ ਵਿੱਚ, ਪਹਿਲਾਂ ਇਸ ਤਰ੍ਹਾਂ ਗਿਰਵੀ ਰੱਖੇ ਮਾਲ ਦੀ ਵਿਕਰੀ ਲਈ ਕਾਰਵਾਈ ਕੀਤੀ ਜਾਵੇਗੀ ਅਤੇ ਜੇ ਅਜਿਹੀ ਵਿਕਰੀ ਦੀਆਂ ਵੱਟਕਾਂ ਦੇਣਯੋਗ ਰਕਮ ਤੋਂ ਘੱਟ ਹਨ, ਤਾਂ ਬਕਾਇਆ ਰਕਮ ਦੀ ਵਸੂਲੀ ਲਈ ਕਾਰਵਾਈ ਕੀਤੀ ਜਾਵੇਗੀ:

ਪਰੰਤੂ ਜਿੱਥੇ ਰਾਜ ਸਰਕਾਰ ਦੀ ਰਾਏ ਹੈ ਕਿ ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾਂ ਇੱਕ ਸਰਕਾਰੀ ਕੰਪਨੀ, ਜਿਹੀ ਕਿ ਸੂਰਤ ਹੋਵੇ, ਨੂੰ ਦੇਣਯੋਗ ਰਕਮ ਦੀ ਵਸੂਲੀ ਦਾ ਬਚਾਉ ਕਰਨ ਲਈ ਅਜਿਹਾ ਕਰਨਾ ਜ਼ਰੂਰੀ ਹੈ, ਇਹ ਉਨ੍ਹਾਂ ਕਾਰਨਾਂ ਕਰਕੇ ਜੋ ਉਸ ਦੁਆਰਾ ਕਲਮਬੰਦ ਕੀਤੇ ਜਾਣਗੇ, ਤਾਂ ਜਿਵੇਂ ਹੀ ਗਿਰਵੀ ਰੱਖੇ ਮਾਲ ਦੀ ਵਿਕਰੀ ਲਈ ਕਾਰਵਾਈ ਕੀਤੀ ਜਾਂਦੀ ਹੈ, ਉਸ ਤੋਂ ਪਹਿਲਾਂ ਜਾਂ ਉਸ ਸਮੇਂ ਦੇਣਯੋਗ ਰਕਮ ਦੀ ਵਸੂਲੀ ਲਈ ਨਿਰਦੇਸ਼ ਦੇ ਸਕਦੀ ਹੈ;

(ਅ) ਅਚੁੱਕਵੀਂ ਸੰਪੱਤੀ 'ਤੇ ਰਹਿਨ, ਚਾਰਜ ਜਾਂ ਹੋਰ ਪ੍ਰਭਾਰ ਦੇ ਹਰੇਕ ਮਾਮਲੇ ਵਿੱਚ, ਅਜਿਹੀ ਸੰਪੱਤੀ ਜਾਂ, ਜਿਹੀ ਕਿ ਸੂਰਤ ਹੋਵੇ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਵਿਅਕਤੀ ਦੇ ਹਿੱਤ ਨੂੰ ਉਸ ਵਿਅਕਤੀ ਤੋਂ ਦੇਣਯੋਗ ਰਕਮ ਦੀ ਵਸੂਲੀ ਲਈ ਕਾਰਵਾਈ ਵਿੱਚ ਪਹਿਲਾਂ ਵੇਚਿਆ ਜਾਵੇਗਾ ਅਤੇ ਕੋਈ ਹੋਰ ਕਾਰਵਾਈ ਸਿਰਫ਼ ਤਾਂ ਹੀ ਕੀਤੀ ਜਾਵੇਗੀ ਜੇ ਕੁਲੈਕਟਰ ਇਹ ਪ੍ਰਮਾਣਿਤ ਕਰਦਾ ਹੈ ਕਿ ਪਹਿਲਾਂ ਜ਼ਿਕਰ ਕੀਤੇ ਗਏ ਅਮਲ ਦੁਆਰਾ ਵਾਜਬ ਸਮੇਂ ਦੇ ਅੰਦਰ ਦੇਣਯੋਗ ਰਕਮ ਦੀ ਉਗਰਾਹੀ ਦੀ ਕੋਈ ਆਸ ਨਹੀਂ ਹੈ।

ਦਾਵਿਆਂ ਤੇ ਰੋਕ।

4. ਧਾਰਾ 3 ਅਧੀਨ ਵਸੂਲੀਯੋਗ ਕਿਸੇ ਵੀ ਰਕਮ ਦੀ ਵਸੂਲੀ ਲਈ ਉਸ ਧਾਰਾ ਦੀ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਕਿਸੇ ਵੀ ਵਿਅਕਤੀ ਵਿਰੁੱਧ ਕੋਈ ਦਾਵਾ ਦੀਵਾਨੀ ਅਦਾਲਤ ਵਿੱਚ ਨਹੀਂ ਹੋ ਸਕੇਗਾ ਅਤੇ ਇਸ ਐਕਟ ਦੇ ਉਪਬੰਧ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪ੍ਰਭਾਵੀ ਹੋਣਗੇ।

ਉਗਰਾਹੀ ਖਰਚੇ।

5. ਧਾਰਾ 3 ਅਧੀਨ ਕੁਲੈਕਟਰ ਦੀਆਂ ਸੇਵਾਵਾਂ ਲੈਣ ਲਈ ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾਂ ਇੱਕ ਸਰਕਾਰੀ ਕੰਪਨੀ, ਸਰਕਾਰ ਨੂੰ ਉਗਰਾਹੀ ਖਰਚੇ ਅਜਿਹੀਆਂ ਦਰਾਂ 'ਤੇ ਅਦਾ ਕਰੇਗੀ ਜਿਵੇਂ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤਾ ਗਿਆ ਹੋਵੇ।

ਬਚਾਉ।

6. ਧਾਰਾ 3 ਵਿੱਚ ਕੋਈ ਗੱਲ-

(ੳ) ਕਿਸੇ ਵੀ ਰਹਿਨ, ਚਾਰਜ, ਗਿਰਵੀ ਜਾਂ ਹੋਰ ਪ੍ਰਭਾਰ ਦੁਆਰਾ ਸਿਰਜੀ ਗਈ ਕਿਸੇ ਵੀ ਸੰਪੱਤੀ ਵਿੱਚ ਰਾਜ ਸਰਕਾਰ, ਇੱਕ ਬੈਂਕਿੰਗ ਕੰਪਨੀ, ਇੱਕ ਨਿਗਮ ਜਾਂ ਇੱਕ ਸਰਕਾਰੀ ਕੰਪਨੀ ਦੇ ਕਿਸੇ ਵੀ ਹਿੱਤ ਨੂੰ ਪ੍ਰਭਾਵਤ ਨਹੀਂ ਕਰੇਗੀ; ਜਾਂ

(ਅ) ਉਸ ਧਾਰਾ ਵਿੱਚ ਹਵਾਲਾ ਦਿੱਤੇ ਕਿਸੇ ਇਕਰਾਰ ਦੇ ਬਾਰੇ ਵਿੱਚ ਜਾਂ ਖੰਡ (ੳ) ਵਿੱਚ ਹਵਾਲਾ ਦਿੱਤੇ ਕਿਸੇ ਵੀ ਹਿੱਤ ਦੇ ਬਾਰੇ ਵਿੱਚ ਕੀਤੇ ਗਏ ਹਾਨ-ਪੂਰਤੀ ਦੇ ਮੁਆਇਦੇ ਜਾਂ ਗਰੰਟੀ ਦੇ ਬਾਰੇ ਵਿੱਚ, ਉਸ ਧਾਰਾ ਵਿੱਚ ਹਵਾਲਾ ਦਿੱਤੇ ਵਿਅਕਤੀ ਤੋਂ ਇਲਾਵਾ ਕਿਸੇ ਹੋਰ

ਵਿਅਕਤੀ ਦੇ ਵਿਰੁੱਧ ਦਾਵਾ ਨਹੀਂ ਰੋਕੇਗੀ ਜਾਂ ਕਿਸੇ ਹੋਰ ਅਧਿਕਾਰ ਜਾਂ ਉਪਚਾਰ ਨੂੰ ਪ੍ਰਭਾਵਿਤ ਨਹੀਂ ਕਰੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

3643/2-2026/Pb. Govt. Press, S.A.S. Nagar